ABBOTSFORD

# ਟੈਕਸ ਨਿਊਜ਼ਲੈਟਰ 2023

## ਸਿਟੀ ਆਫ ਐਬਟਸਫੋਰਡ

## **ਐਬਟਸਫੋਰਡ ਸਿਟੀ ਕੌਂਸਲ** ਵੱਲੋਂ ਸੁਨੇਹਾ

ਪਿਛਲੇ ਸਾਲ ਅਕਤੂਬਰ ‘ਚ ਚੋਣਾਂ ਤੋਂ ਥੋੜ੍ਹਾ ਚਿਰ ਬਾਦ, ਤੁਹਾਡੀ ਨਵੀਂ ਸਿਟੀ ਕੌਂਸਲ ਨੇ ਨਵੀਂ 2022-2026 ਸਟ੍ਰੈਟਜਿਕ ਪਲੈਨ ਵਿਕਸਤ ਕਰਨ ਦੁਆਰਾ ਅਗਲੇ ਚਾਰ ਸਾਲਾਂ ਵਾਸਤੇ ਆਪਣੀਆਂ ਤਰਜੀਹਾਂ ਨੂੰ ਪਛਾਣਨ ਅਤੇ ਪੱਕਿਆਂ ਕਰਨ ਵਾਸਤੇ ਕੰਮ ਕਰਨਾਂ ਸ਼ੁਰੂ ਕਰ ਦਿੱਤਾ। ਇਹ ਸਟ੍ਰੈਟਜਿਕ ਪਲੈਨ ਐਬਟਸਫੋਰਡ ਨੂੰ ਫਰੇਜ਼ਰ ਵੈਲੀ ਦੇ ਸੱਭਿਆਚਾਰਕ ਅਤੇ ਆਰਥਿਕ ਧੁਰੇ ਵਜੋਂ ਵੇਖਣ ਦੀ ਸਾਡੀ ਸਮੂਹਿਕ ਦ੍ਰਿਸ਼ਟੀ ਦਾ ਸਮਰਥਨ ਕਰਦੀ ਹੈ ਅਤੇ ਸਾਡੀ ਮਿਆਦ ਦੇ ਸਮੇਂ ਦੌਰਾਨ ਆਪਣੀ ਮਿਊਂਸਿਪਲ ਯੋਜਨਾਂਬੰਦੀ ਦੇ ਸਾਰੇ ਫੈਸਲਿਆਂ ਨੂੰ ਉਸ ਅਨੁਸਾਰ ਕਰਨ ਵਾਸਤੇ ਆਧਾਰ ਪ੍ਰਦਾਨ ਕਰਦੀ ਹੈ। ਇਹ ਕੌਂਸਲ ਨੂੰ ਕਮਿਊਨਿਟੀ ਵਾਸਤੇ ਆਪਣੀ ਸਮੁੱਚੀ ਦ੍ਰਿਸ਼ਟੀ ਦੀ ਤਰਫ ਤਰੱਕੀ ਦੀ ਲਗਾਤਾਰ ਨਿਗਰਾਨੀ ਕਰਨ ਦੀ ਯੋਗਤਾ ਵੀ ਮੁਹੱਈਆ ਕਰਦੀ ਹੈ।

ਸਟ੍ਰੈਟਜਿਕ ਪਲੈਨ ਵਿਚ, ਕੌਂਸਲ ਦੀਆਂ ਤਰਜੀਹਾਂ ਚਾਰ ਅਗਵਾਈਕਾਰ ਸਿਧਾਂਤਾਂ ਤਹਿਤ ਤੈਅ ਕੀਤੀਆਂ ਗਈਆਂ ਹਨ, ਜਿਹੜੇ ਅਗਲੇ ਚਾਰ ਸਾਲਾਂ ਲਈ ਹਰੇਕ ਉਸ ਪਹਿਲਕਦਮੀ ਲਈ ਉੱਚੇ ਪੱਧਰ ‘ਤੇ ਸਮੁੱਚੀ ਦਿਸ਼ਾ ਨੂੰ ਤੈਅ ਕਰਨਗੇ, ਜਿੰਨ੍ਹਾਂ, ਉੱਪਰ ਸਿਟੀ ਆਪਣਾ ਧਿਆਨ ਕੇਂਦਰਤ ਕਰਦਾ ਹੋਵੇਗਾ ਅਤੇ ਇਸ ‘ਚ ਸ਼ਾਮਲ ਹਨ:

- ਸੰਮਿਲਤ ਅਤੇ ਪ੍ਰਸਪਰ ਜੁੜੀ ਹੋਈ ਕਮਿਊਨਿਟੀ;
- ਚਿਰਸਥਾਈ ਅਤੇ ਸੁਰੱਖਿਅਤ ਸ਼ਹਿਰ;
- ਜੀਵੰਤ ਅਤੇ ਪ੍ਰਫੁੱਲਤ ਹੋ ਰਹੀ ਆਰਥਿਕਤਾ; ਅਤੇ
- ਸੰਸਥਾਗਤ ਉੱਤਮਤਾ ਅਤੇ ਦਿਆਨਤਦਾਰੀ।

ਹਰੇਕ ਅਗਵਾਈਕਾਰ ਸਿਧਾਂਤ ਦੇ ਅਨੁਸਾਰ ਚੱਲਦੇ ਉਦੇਸ਼ ਅਤੇ ਤਰਜੀਹੀ ਕਾਰਵਾਈਆਂ ਹਨ, ਜੋ ਸਾਨੂੰ 200,000 ਨਿਵਾਸੀਆਂ ਦੇ ਸ਼ਹਿਰ ਨੂੰ ਉਸਾਰਨ ਅਤੇ ਪ੍ਰਫੁੱਲਤ ਕਰਨ ‘ਚ ਮਦਦ ਕਰਦੇ ਹਨ, ਅਤੇ ਆਪਣੀ ਮਿਆਦ ਦੇ ਸਿਰਫ ਛੇ ਮਹੀਨਿਆਂ ‘ਚ ਅਸੀਂ ਪਹਿਲਾਂ ਹੀ ਇੰਨ੍ਹਾਂ ਉਦੇਸ਼ਾਂ ਵਿਚੋਂ ਕੁਝ ਉੱਪਰ ਕਾਰਵਾਈ ਹੁੰਦੀ ਵੇਖ ਰਹੇ ਹਾਂ।

ਸਿਟੀ ਨੇ ਆਪਣੀ ਕਲਚਰ ਕੁਨੈਕਟ ਸਟ੍ਰੈਟਜੀ ਨੂੰ ਲਾਗੂ ਕਰਨਾਂ ਸ਼ੁਰੂ ਕਰ ਦਿੱਤਾ ਹੈ, ਅਤੇ ਅਸੀਂ ਇਕ ਸੱਭਿਆਚਰਕ “ਵੰਨ-ਸਟਾਪ-ਸ਼ਾਪ” ਸਥਾਪਤ ਕਰਨੀ ਚਾਹ ਰਹੇ ਹਾਂ ਜਿਹੜੀ ਐਬਟਸਫੋਰਡ ਵਿਚ ਹਰੇਕ ਵਾਸਤੇ ਵਧੇਰੇ ਸੱਭਿਆਚਾਰਕ ਪ੍ਰੋਗਰਾਮ ਅਤੇ ਸਰੋਤ ਮੁਹੱਈਆ ਕਰਨ ਦਾ ਇਕ ਸਾਧਨ ਹੋਵੇਗੀ ਅਤੇ ਜਿਸ ਨਾਲ ਅਸੀਂ ਆਪਣੇ ਵਿਭਿੰਨ ਸੱਭਿਆਚਾਰਾਂ ਅਤੇ ਕਮਿਊਨਿਟੀਆਂ ਨੂੰ ਜੋੜ ਸਕਾਂਗੇ। ਅਸੀਂ ਇਕ ਨਵੀਂ ਐਕੁਐਟਿਕ ਸਟ੍ਰੈਟਜੀ ਵੀ ਅਰੰਭ ਕੀਤੀ ਹੈ, ਜਿਸਦਾ ਨਿਸ਼ਾਨਾਂ ਸਾਡੀਆਂ ਕਮਿਊਨਿਟੀ ਐਕੁਐਟਿਕ ਫੈਸਿਲਿਟੀਆਂ ਦੀ ਪਹੁੰਚਯੋਗਤਾ ਅਤੇ ਕੁਆਲਿਟੀ ‘ਚ ਸੁਧਾਰ ਲਿਆਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਸਾਡੀਆਂ ਫੈਸਿਲਿਟੀਆਂ ਅਤੇ ਪ੍ਰੋਗਰਾਮ ਸਾਡੇ ਨਿਵਾਸੀਆਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦੇ ਹਨ।

ਅਸੀਂ ਆਪਣੀ ਹੋਮਲੈੱਸਨੈੱਸ ਐਕਸ਼ਨ ਪਲੈਨ ਅਧੀਨ ਇਸ਼ਾਰਾ ਕੀਤੀਆਂ ਗਈਆਂ ਕਾਰਵਾਈਆਂ ‘ਚੋਂ ਹੋਰ ਵੀ ਬਹੁਤ ਸਾਰੀਆਂ ਨੂੰ ਲਾਗੂ ਕੀਤਾ ਹੈ ਅਤੇ ਆਪਣੇ ਸ਼ਹਿਰ ਵਿਚਲੇ ਸੌਖਿਆਂ ਲਪੇਟ ‘ਚ ਆ ਜਾਣ ਵਾਲੇ ਲੋਕਾਂ ਲਈ ਸੂਬਾਈ ਸਰਕਾਰ ਕੋਲ ਹੋਰ ਵਧੇਰੇ ਸਹਾਇਤਾ, ਪੁੱਜਤਯੋਗ ਘਰਾਂ ਦੇ ਵਿਕਲਪਾਂ ਅਤੇ ਕਮਿਊਨਿਟੀ ਸਰੋਤਾਂ ਵਾਸਤੇ ਵਕਾਲਤ ਕਰਨੀ ਜਾਰੀ ਰੱਖਾਂਗੇ।

ਇਸ ਤੋਂ ਇਲਾਵਾ, ਐਬਟਸਫੋਰਡ ਪੁਲਿਸ ਵਿਭਾਗ ਦੇ ਨਵੇਂ ਮੁੱਖ ਦਫਤਰ ਵਾਸਤੇ ਉਸਾਰੀ ਦਾ ਕੰਮ ਆਰੰਭ ਹੋ ਚੁੱਕਿਆ ਹੈ।

ਇਹ ਨਵੀਂ ਫੈਸਿਲਿਟੀ ਸਾਡੀ ਪੁਲਿਸ ਸੇਵਾ ਨੂੰ ਉਹ ਸਰੋਤ ਮੁਹੱਈਆ ਕਰੇਗੀ, ਜਿੰਨ੍ਹਾਂ ਦੀ ਉਨ੍ਹਾਂ ਨੂੰ ਐਬਟਸਫੋਰਡ ਨੂੰ ਬੀ ਸੀ ਵਿਚ ਸਭ ਤੋਂ ਸੁਰੱਖਿਅਤ ਸ਼ਹਿਰ ਬਣਾਉਣ ਦੇ ਆਪਣੇ ਨਿਸ਼ਾਨੇ ਦੀ ਪੂਰਤੀ ਵਾਸਤੇ ਲੋੜ ਹੈ। ਇਕ ਕੌਂਸਲ ਦੇ ਤੌਰ ‘ਤੇ, ਅਸੀਂ ਜਨਤਕ ਸੁਰੱਖਿਆ ‘ਚ ਪੂੰਜੀ ਨਿਵੇਸ਼ ਕਰਦਿਆਂ ਮਾਣ ਮਹਿਸੂਸ ਕਰਦੇ ਹਾਂ ਅਤੇ ਯਕੀਨ ਕਰਦੇ ਹਾਂ ਕਿ ਇਹ ਬਿਲਡਿੰਗ ਆਪਣੇ ਸ਼ਹਿਰ ਦੇ ਬਚਾਉ ਅਤੇ ਸੁਰੱਖਿਆ ਨੂੰ ਲਗਾਤਾਰ ਸਹਿਯੋਗ ਦੇਣ ਵੱਲ ਨੂੰ ਸਾਡਾ ਇਕ ਹੋਰ ਮਹੱਤਵਪੂਰਨ ਕਦਮ ਹੋਵੇਗਾ। ਅਸੀਂ ਆਪਣੇ ਸ਼ਹਿਰ ਵਾਸਤੇ ਸੇਵਾਵਾਂ ‘ਚ ਨਿਪੁੰਨਤਾ ਲਿਆਉਣ ਲਈ ਸਹਿਯੋਗ ਕਰਨ ਦੇ ਵਧੇਰੇ ਤਰੀਕੇ ਲੱਭਣ ਵਾਸਤੇ ਕਿਸੇ ਰਿਜਨਲ ਪਾਰਟਨਰਸ਼ਿੱਪਸ ਸਟ੍ਰੈਟਜੀ ਦੀ ਭਾਲ ਕਰ ਰਹੇ ਹਾਂ, ਅਤੇ ਨਿਪੁੰਨ ਅਤੇ ਮਿਸਾਲੀ ਪ੍ਰਕਾਰ ਦੀ ਕਸਟਮਰ ਸੇਵਾ ਪ੍ਰਦਾਨ ਕਰਨ ਲਈ ਸਿਟੀ ਦੀਆਂ ਸੇਵਾਵਾਂ ਨੂੰ ਸੰਗਠਿਤ ਅਤੇ ਆਧੁਨਿਕ ਬਣਾਉਣ ਦੇ ਲੋੜੀਂਦੇ ਸਰੋਤਾਂ ਦਾ ਪੁਨਰ-ਨਿਰੀਖਣ ਕਰਦੇ ਆ ਰਹੇ ਹਾਂ। ਅਸੀਂ ਜਦੋਂ ਕਿ ਆਪਣੇ ਸ਼ਹਿਰ ਦੇ ਸਾਰੇ ਵਸਨੀਕਾਂ ਦੀ ਜ਼ਿੰਦਗੀ ਦੇ ਪੱਧਰ ‘ਚ ਸੁਧਾਰ ਲਿਆਉਣ ਲਈ ਆਪਣਾ ਕੰਮ ਜਾਰੀ ਰੱਖ ਰਹੇ ਹਾਂ, ਅਸੀਂ ਹੜ੍ਹਾਂ ਦੇ ਖਤਰੇ ਨੂੰ ਘਟਾਉਣ ਵਾਸਤੇ ਕਿਸੇ ਲੰਮੇਰੀ ਮਿਆਦ ਦੀ ਫੰਡਿੰਗ ਅਤੇ ਆਪਣੇ ਸ਼ਹਿਰ ਨੂੰ ਸੁਰੱਖਿਅਤ ਬਣਾਉਣ ਵਾਸਤੇ ਸਹਾਇਤਾ ਲਈ ਅਤੇ ਵਧੇਰੇ ਪੁੱਜਤਯੋਗ ਘਰਾਂ ਦੇ ਵਿਕਲਪਾਂ ਲਈ ਵਕਾਲਤ ਕਰਨ ਪ੍ਰਤਿ ਵੀ ਪ੍ਰਤਿਬਧ ਹਾਂ, ਤਾਂ ਕਿ ਸਾਡੇ ਸਾਰੇ ਨਿਵਾਸੀਆਂ ਨੂੰ ਘਰ ਮਿਲ ਸਕੇ ਅਤੇ ਉਹ ਐਬਟਸਫੋਰਡ ‘ਚ ਆਪਣੀਆਂ ਜੜ੍ਹਾਂ ਲਗਾ ਸਕਣ।

ਇਕ ਕੌਂਸਲ ਵਜੋਂ, ਸਾਨੂੰ ਹਰੇਕ ਨੂੰ ਇਸ ਗਤੀਸ਼ੀਲ ਅਤੇ ਜੀਵੰਤ ਸ਼ਹਿਰ ਦੀ ਸੇਵਾ ਕਰਨ ਦਾ ਵਿਸ਼ੇਸ਼ ਅਧਿਕਾਰ ਮਿਲਿਆ ਹੈ ਅਤੇ ਅਸੀਂ ਆਪਣੇ ਸ਼ਹਿਰ ਨੂੰ ਫਰੇਜ਼ਰ ਵੈਲੀ ਦੇ ਇਕ ਸੱਭਿਆਚਾਰਕ ਅਤੇ ਆਰਥਿਕ ਧੁਰੇ ਵਜੋਂ ਉਸਾਰਨ ਲਈ ਇਕ ਮਿਲਵਰਤਨ ਸਹਿਤ ਆਪਣਾ ਕੰਮ ਜਾਰੀ ਰੱਖਣ ਦੀ ਆਸ ਕਰਦੇ ਹਾਂ।

*Ross Siemens*

Ross Siemens
ਮੇਅਰ

## 2022-2026 **ਐਬਟਸਫੋਰਡ ਸਿਟੀ ਕੌਂਸਲ**

**ਸਾਡਾ ਉਦੇਸ਼:** ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਮੂਲ ਸੇਵਾਵਾਂ ਪ੍ਰਦਾਨ ਕਰਨ ਦੁਆਰਾ ਅਸੀਂ ਆਪਣੇ ਸ਼ਹਿਰ ਅੰਦਰ ਜੀਵਨ ਦੇ ਪੱਧਰ ਨੂੰ ਲਗਾਤਾਰ ਸੁਧਾਰਨ ਵਾਸਤੇ ਸਿਰਤੋੜ ਕੋਸ਼ਿਸ਼ਾਂ ਕਰਦੇ ਹਾਂ।



MAYOR ROSS SIEMENS | COUNCILLOR LES BARKMAN | COUNCILLOR KELLY CHAHAL | COUNCILLOR PATRICIA DRIESSEN | COUNCILLOR SIMON GIBSON | COUNCILLOR DAVE LOEWEN | COUNCILLOR PATRICIA ROSS | COUNCILLOR DAVE SIDHU | COUNCILLOR MARK WARKENTIN

## ਕੌਂਸਲ ਦੇ **ਅਗਵਾਈਕਾਰ ਸਿਧਾਂਤ**

- **ਸੰਮਿਲਤ ਅਤੇ ਪ੍ਰਸਪਰ ਜੁੜੀ ਹੋਈ ਕਮਿਊਨਿਟੀ**
- **ਚਿਰਸਥਾਈ ਅਤੇ ਸੁਰੱਖਿਅਤ ਸ਼ਹਿਰ**
- **ਜੀਵੰਤ ਅਤੇ ਪ੍ਰਫੁਲਤ ਹੋ ਰਹੀ ਆਰਥਿਕਤਾ**
- **ਸੰਸਥਾਗਤ ਉਤਮਤਾ ਅਤੇ ਦਿਆਨਦਾਰੀ**

## 2023 **ਉਦੇਸ਼**

ਨਵੀਂ 2022-2026 ਸਟ੍ਰੈਟਜਿਕ ਪਲੈਨ ਚਾਰ ਅਗਵਾਈਕਾਰ ਸਿਧਾਂਤਾਂ ਦੁਆਰਾ ਸਿਟੀ ਆਫ ਐਬਟਸਫੋਰਡ ਲਈ ਉਦੇਸ਼, ਤਰਜੀਹਾਂ ਅਤੇ ਕਾਰਵਾਈਆਂ ਤੈਅ ਕਰਦੀ ਹੈ, ਜੋ ਮਿਊਂਸਿਪਲ ਸੰਸਥਾਗਤ ਯੋਜਨਾਂਬੰਦੀ ਦੇ ਅਮਲ ਪ੍ਰਤਿ ਇਕ ਸੰਤੁਲਤ ਪਹੁੰਚ ਦਾ ਪ੍ਰਦਰਸ਼ਨ ਕਰਦੇ ਹਨ।

### ਸਿਧਾਂਤ 1: ਸੰਮਿਲਤ ਅਤੇ ਪ੍ਰਸਪਰ ਜੁੜੀ ਹੋਈ ਕਮਿਊਨਿਟੀ

**ਉਦੇਸ਼:**

- ਆਪਣੇ ਸ਼ਹਿਰ ਦੀਆਂ ਸਭ ਤੋਂ ਵੱਡੀਆਂ ਤਾਕਤਾਂ ‘ਚੋਂ ਇਕ, ਵਿਭਿੰਨਤਾ ਨੂੰ ਤਾਕਤ ਵਜੋਂ ਅਪਣਾਉਣਾ
- ਸ਼ਹਿਰ ਦੇ ਅੰਦਰ ਅਤੇ ਵਿਚੋਂ ਦੀ ਲੰਘਦੀ ਢੋਆ-ਢੁਆਈ ਦਾ ਫਾਇਦਾ ਲੈਣਾ
- ਮਨੋਰੰਜਨ ਅਤੇ ਸਹਾਇਤਾ ਫੈਸਿਲਿਟੀਆਂ, ਸਹੂਲਤਾਂ ਅਤੇ ਕਾਰਵਾਈਆਂ, ਜੋ ਸਾਨੂੰ ਜੋੜਦੀਆਂ ਹਨ, ਉਨ੍ਹਾਂ ਦਾ ਮੁੱਲ ਪਾਉਣਾ
- ਇਹ ਯਕੀਨੀ ਬਣਾਉਣਾ ਕਿ ਵਿਕਾਸ ਬਾਰੇ ਫੈਸਲੇ ਸਾਡੀਆਂ ਲੰਮੇਰੇ ਸਮੇਂ ਦੀਆਂ ਰਣਨੀਤੀਆਂ ‘ਤੇ ਆਧਾਰਿਤ ਹਨ ਅਤੇ ਥੋੜ-ਚਿਰੇ ਉਦੇਸ਼ਾਂ ਦੁਆਰਾ ਸਾਡੀ ਕਮਿਊਨਿਟੀ ਦੀਰਘ-ਦ੍ਰਿਸ਼ਟੀ ਤੋਂ ਖਿਤਕਦੇ ਨਹੀਂ

### ਸਿਧਾਂਤ 2: ਚਿਰ-ਸਥਾਈ ਅਤੇ ਸੁਰੱਖਿਅਤ ਸ਼ਹਿਰ

**ਉਦੇਸ਼:**

- ਆਪਣੇ ਸ਼ਹਿਰ ਦੇ ਜਲਵਾਯੂ ਨਾਲ ਸਬੰਧਾਂ ਦਾ ਮੁੱਲ ਪਾਉਣਾ
- ਜਨਤਕ ਸੁਰੱਖਿਆ ਪ੍ਰਤਿ ਬਹੁ-ਅਨੁਸ਼ਾਸਨੀ ਪਹੁੰਚ ਦੀ ਹਿਮਾਇਤ ਕਰਨਾਂ
- ਉਨ੍ਹਾਂ ਸਮਾਜਿਕ ਸਮੱਸਿਆਵਾਂ ਨੂੰ ਘੱਟ ਕਰਨ ਲਈ ਕਾਰਵਾਈਆਂ ਨੂੰ ਸੌਖਿਆ ਬਣਾਉਣਾ, ਜਿਹੜੀਆਂ ਸਾਡੇ ਸ਼ਹਿਰ ‘ਤੇ ਅਸਰ ਪਾਉਂਦੀਆਂ ਹਨ

### ਸਿਧਾਂਤ 3: ਜੀਵੰਤ ਅਤੇ ਪ੍ਰਫੁਲਤ ਹੋ ਰਹੀ ਆਰਥਿਕਤਾ

**ਉਦੇਸ਼:**

- ਉਨ੍ਹਾਂ ਸੰਬਧਾਂ ਨੂੰ ਉਸਾਰਨ ‘ਚ ਨਿਵੇਸ਼ ਕਰਨਾਂ ਜੋ ਇਕਸਾਰਤਾ ਨੂੰ ਉਤਸ਼ਾਹਤ ਕਰਨ
- ਇਕ ਜੀਵੰਤ ਅਤੇ ਵਿਭਿੰਨ ਪ੍ਰਕਾਰ ਦੀ ਆਰਥਿਕਤਾ ਦਾ ਵਿਕਾਸ ਕਰਨਾਂ
- ਆਪਣੀ ਸਥਾਨਕ ਆਰਥਿਕਤਾ, ਵਿਸ਼ੇਸ਼ ਕਰਕੇ ਖੇਤੀਬਾੜੀ ‘ਚ ਨਵੀਨਤਾ ਦੇ ਮੁੱਲ ਨੂੰ ਪਛਾਣਨਾਂ

### ਸਿਧਾਂਤ 4: ਸੰਸਥਾਗਤ ਉਤਮਤਾ ਅਤੇ ਦਿਆਨਤਦਾਰੀ

**ਉਦੇਸ਼:**

- ਸਾਡੀਆਂ ਸਿਟੀ ਸੇਵਾਵਾਂ ਅਤੇ ਪ੍ਰੋਗਰਾਮ ਨਿਪੁੰਨ ਅਤੇ ਪ੍ਰਭਾਵਸ਼ਾਲੀ ਹੋਣ ਅਤੇ ਅਸੀਂ ਕਸਟਮਰਾਂ ਦੇ ਅਨੁਭਵਾਂ ‘ਚ ਉਤਮਤਾ ਮੁਹੱਈਆ ਕਰਦੇ ਹੋਈਏ
- ਵਿੱਤੀ ਫੈਸਲੇ ਕਮਿਊਨਿਟੀ ਪ੍ਰਤਿ ਮੁੱਲਵਾਨ ਹੋਣ ਦੇ ਨਾਲ ਨਾਲ ਲੰਮੇਰੀ ਮਿਆਦ ਦੇ ਖਰਚਿਆਂ ਨੂੰ ਧਿਆਨ ‘ਚ ਰੱਖਦੇ ਹੋਣ
- ਸਾਡਾ ਸ਼ਾਸਨ ਅਮਲ ਖੁੱਲ੍ਹਾ ਅਤੇ ਪਾਰਦਰਸ਼ੀ ਹੋਵੇ
- ਸਾਡਾ ਕਰਮਚਾਰੀ ਅਮਲਾ ਸ਼ਮੂਲੀਅਤ ਵਾਲਾ, ਸੁਰੱਖਿਅਤ ਅਤੇ ਪ੍ਰਸਪਰ ਰੁਝਿਆ ਹੋਵੇ

## ਜੁੜੇ ਰਹੋ

**FACEBOOK** /CityofAbbotsford /AbbotsfordPRC

**TWITTER** @City_Abbotsford

**INSTAGRAM** @thecityofabbotsford @Abbotsfordprc

**YOUTUBE** /cityofabbotsfordbc

**letstalkabbotsford.ca**

ABBOTSFORD

**HUB** of the fraser valley

# ਸਾਰੇ ਪ੍ਰਾਪਰਟੀ ਟੈਕਸ ਮੰਗਲਵਾਰ, 4 ਜੁਲਾਈ 2023 ਨੂੰ ਦੇਣਯੋਗ ਹਨ

**ਨੋਟ: ਟੈਕਸ ਦੰਡ ਲਾਗੂ ਹੁੰਦੇ ਹਨ:** ਪਹਿਲੇ 5% ਦੰਡ ਲਈ ਤਰੀਕ: **5 ਜੁਲਾਈ 2023** | **ਦੂਸਰੇ 5% ਦੰਡ ਲਈ ਤਰੀਕ: 16 ਸਤੰਬਰ 2023**

## ਪ੍ਰਾਪਰਟੀ ਟੈਕਸ ਦੇਣ **ਲਈ ਵਿਕਲਪ**

## ਕਿਵੇਂ ਅਦਾ ਕਰਨਾਂ ਹੈ

### ਆਨਲਾਈਨ ਸਭ ਤੋਂ ਸੌਖਾ ਹੈ!

ਆਪਣੇ ਆਨਲਾਈਨ ਬੈਂਕਿੰਗ ਸਿਸਟਮ ਰਾਹੀਂ ਐਬਟਸਫੋਰਡ ਪ੍ਰਾਪਰਟੀ ਟੈਕਸ ਨੂੰ ਇਕ ਬਿੱਲ ਪ੍ਰਾਪਤਕਰਤਾ (ਭੇਜੀ) ਵਜੋਂ ਸੈੱਟ ਕਰ ਲਉ ਅਤੇ ਅਤੇ ਅਦਾਇਗੀ ਕਰੋ, ਜਿਵੇਂ ਤੁਸੀਂ ਕੋਈ ਵੀ ਹੋਰ ਯੂਟਿਲਿਟੀ ਬਿੱਲ ਅਦਾ ਕਰਦੇ ਹੋ। "Abbotsford" ਵਾਸਤੇ ਸਰਚ ਕਰੋ ਅਤੇ "property taxes" ਨੂੰ ਬਿੱਲ ਪ੍ਰਾਪਤਕਰਤਾ ਵਜੋਂ ਚੁਣ ਲਉ। ਆਪਣੇ ਟੈਕਸ ਨੋਟਿਸ ਉਪਰਲੇ 10 ਹਿੰਦਸਿਆਂ ਦੇ ਫੋਲਿਓ ਨੰਬਰ ਨੂੰ ਅਕਾਊਂਟ ਨੰਬਰ ਵਜੋਂ ਵਰਤੋ।

### ਚੈੱਕ ਦੁਆਰਾ ਅਦਾਇਗੀ ਕਰਨਾਂ

ਕੈਨੇਡਾ ਪੋਸਟ ਦੀ ਮੁਹਰ ਦੀ ਤਰੀਕ ਨੂੰ ਅਦਾਇਗੀ ਦੀ ਤਰੀਕ ਵਜੋਂ ਮਨਜ਼ੂਰ ਨਹੀਂ ਕੀਤਾ ਜਾਂਦਾ। ਇਸ ਲਈ ਕਿਰਪਾ ਕਰਕੇ ਆਪਣੇ ਮੇਲ ਕੀਤੇ ਚੈੱਕ ਦੇ ਪਹੁੰਚਣ ਲਈ ਵਿਚਕਾਰ ਕੁਝ ਸਮਾਂ ਰੱਖੋ। ਸਿਟੀ ਹਾਲ 'ਚ ਕੇਵਲ ਚੈੱਕ ਪਾ ਸਕਣ ਵਾਲੇ ਬਕਸੇ ਵੀ ਹਨ, ਜਿਹੜੇ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ।

### ਕਰੈਡਿਟ ਕਾਰਡ ਰਾਹੀਂ ਅਦਾਇਗੀ ਕਰਨਾਂ

ਕਰੈਡਿਟ ਕਾਰਡ ਕੇਵਲ ਆਨਲਾਈਨ ਟੈਕਸ ਅਤੇ ਯੂਟਿਲਿਟੀ ਅਦਾਇਗੀਆਂ ਵਾਸਤੇ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਇਹ ਸਿਟੀ ਹਾਲ 'ਚ ਇੰਨ-ਪਰਸਨ ਮਨਜ਼ੂਰ ਨਹੀਂ ਕੀਤੇ ਜਾਂਦੇ। ਆਨਲਾਈਨ ਅਦਾਇਗੀ ਕਰਨ ਲਈ ਵੇਖੋ **abbotsford.ca/creditcard.** 1.75% ਸਰਵਿਸ ਫੀਸ ਲਾਗੂ ਹੋਵੇਗੀ

**ਆਪਣੇ ਟੈਕਸ ਬਿੱਲ ਬਾਰੇ ਤੁਹਾਡੇ ਕੋਈ ਸਵਾਲ ਹਨ?**

ਫੋਨ ਕਰੋ 604-864-5522, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਦੇ ਦਰਮਿਆਨ, ਸੋਮਵਾਰ ਤੋਂ ਸ਼ੁੱਕਰਵਾਰ ਤੱਕ ਜਾਂ ਈਮੇਲ ਕਰੋ **cash@abbotsford.ca**, ਜਾਂ ਵੇਖੋ **abbotsford.ca/propertytaxes**

## ਅਦਾਇਗੀ ਕਿੱਥੇ ਕਰਨੀ ਹੈ

### ਆਨਲਾਈਨ ਅਦਾਇਗੀ ਕਰੋ

ਨਿਵਾਸੀ ਸੌਖਿਆਂ ਹੀ ਕਿਸੇ ਵਿੱਤੀ ਸੰਸਥਾ ਰਾਹੀਂ ਆਪਣਾ ਪ੍ਰਾਪਰਟੀ ਟੈਕਸ ਕਿਸੇ ਵੀ ਸਮੇਂ ਆਨਲਾਈਨ ਅਦਾ ਕਰ ਸਕਦੇ ਹਨ। ਹੋਮ ਓਨਰ ਗਰਾਂਟ ਲਈ ਨਿਵਾਸੀ ਪ੍ਰੋਵਿੰਸ ਆਫ ਬੀ ਸੀ ਰਾਹੀਂ ਸਿੱਧਿਆਂ ਅਰਜ਼ੀ ਦੇਣ। ਯੋਗਤਾ ਜ਼ਰੂਰਤਾਂ ਪਹਿਲੀਆਂ ਹੀ ਹਨ। ਵਧੇਰੇ ਜਾਣਕਾਰੀ ਲਈ gov.bc.ca/homeownergrant ਵੇਖੋ।

### ਆ ਕੇ ਪਾਉ ਜਾਂ ਸਿਟੀ ਹਾਲ ਨੂੰ ਮੇਲ ਕਰੋ

ਟੈਕਸਾਂ ਲਈ ਚੈੱਕ ਮੇਲ ਕੀਤੇ ਜਾ ਸਕਦੇ ਜਾਂ ਸਿਟੀ ਹਾਲ ਦੇ ਡਰਾਪ ਬਾਕਸ 'ਚ ਪਾਏ ਜਾ ਸਕਦੇ ਹਨ। 2 ਡਰਾਪ ਬਾਕਸ ਹਨ, ਹਰੇਕ ਪ੍ਰਵੇਸ਼ ਦੁਆਰ 'ਤੇ ਇਕ। **ਕਿਰਪਾ ਕਰਕੇ ਨਕਦੀ ਨਾ ਪਾਉ।** ਇਹ ਬਕਸੇ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ। **ਉਸਾਰੀ ਦੇ ਕੰਮ ਕਰਕੇ ਪਾਰਕਿੰਗ ਸੀਮਤ ਹੈ।**

### ਸਿਟੀ ਹਾਲ 'ਚ ਖੁਦ ਆ ਕੇ

ਸਿਟੀ ਹਾਲ ਸਵੇਰੇ 8:30 ਵਜੇ ਤੋਂ ਲੈ ਕੇ ਸ਼ਾਮ 4:30 ਵਜੇ ਤੱਕ, ਸੋਮਵਾਰ-ਸ਼ੁੱਕਰਵਾਰ ਖੁੱਲ੍ਹਾ ਹੈ, ਸਾਰੀਆਂ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ, ਅਤੇ 32315 ਸਾਊਥ ਫਰੇਜ਼ਰ ਵੇਅ 'ਤੇ ਸਥਿੱਤ ਹੈ। **ਉਸਾਰੀ ਦੇ ਕੰਮ ਕਰਕੇ ਪਾਰਕਿੰਗ ਸੀਮਤ ਹੈ।**

### ਆਪਣੀ ਵਿੱਤੀ ਸੰਸਥਾ 'ਚ

ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਕੈਨੇਡਾ ਦੀ ਕਿਸੇ ਵੀ ਵਿੱਤੀ ਸੰਸਥਾ 'ਚ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਯਕੀਨੀ ਬਣਾਉ ਕਿ ਤੁਹਾਡੀ ਪੇਮੈਂਟ ਨਿਯਤ ਤਰੀਕ ਤੱਕ ਪਹੁੰਚ ਜਾਵੇ।

## ਹੋਮ ਓਨਰ ਗਰਾਂਟ

**ਅਰਜ਼ੀ ਕਿਵੇਂ ਦੇਣੀ ਹੈ:**

ਆਨਲਾਈਨ: **gov.bc.ca/homeownergrant**

ਫੋਨ ਕਰੋ: 1-888-355-2700

*ਸਿਟੀ ਆਫ ਐਬਟਸਫੋਰਡ ਤੁਹਾਡੀ ਹੋਮ ਓਨਰ ਗਰਾਂਟ ਪ੍ਰਾਸੈੱਸ ਨਹੀਂ ਕਰ ਸਕਦਾ। ਤੁਹਾਨੂੰ ਜ਼ਰੂਰੀ ਤੌਰ 'ਤੇ ਇਹ ਪ੍ਰੋਵਿੰਸ ਆਫ ਬੀ ਸੀ ਰਾਹੀਂ ਕਰਨੀ ਪਵੇਗੀ।*

## ਟੈਕਸ ਅਗਾਂਹ ਪਾਉਣ ਦਾ ਪ੍ਰੋਗਰਾਮ

ਤੁਸੀਂ ਆਪਣੀ ਮੁੱਖ ਰਿਹਾਇਸ਼ ਦੇ ਟੈਕਸ ਅਗਾਂਹ ਪਾਉਣ ਲਈ ਯੋਗ ਹੋ ਸਕਦੇ ਹੋ ਜੇਕਰ ਤੁਸੀਂ ਸੂਬਾਈ ਪ੍ਰੋਗਰਾਮ ਦੇ ਮਾਪਦੰਡ ਪੂਰੇ ਕਰਦੇ ਹੋਵੋ।

**ਅਰਜ਼ੀ ਕਿਵੇਂ ਦੇਣੀ ਹੈ:**

ਆਨਲਾਈਨ:

**gov.bc.ca/propertytaxdeferment**

ਫੋਨ ਕਰੋ: 1-888-355-2700

*ਤੁਸੀਂ ਆਪਣੇ ਟੈਕਸ ਸਿਟੀ ਆਫ ਐਬਟਸਫੋਰਡ ਰਾਹੀਂ ਅਗਾਂਹ ਨਹੀਂ ਪਾ ਸਕਦੇ। ਤੁਹਾਨੂੰ ਜ਼ਰੂਰੀ ਤੌਰ 'ਤੇ ਇਹ ਪ੍ਰੋਵਿੰਸ ਆਫ ਬੀ ਸੀ ਰਾਹੀਂ, ਆਨਲਾਈਨ ਜਾਂ ਫੋਨ ਦੁਆਰਾਂ ਕਰਨਾ ਪਵੇਗਾ।*

## ਟੈਕਸ ਡਾਲਰ ਅਤੇ ਯੂਜ਼ਰ ਫੀਸਾਂ **ਸਿਟੀ ਦੀਆਂ ਸੇਵਾਵਾਂ ਲਈ ਅਦਾਇਗੀਆਂ ਕਰਦੇ ਹਨ**

ਇਹ ਗਰਾਫਿਕ ਤਸਵੀਰ ਪੇਸ਼ ਕਰਦਾ ਹੈ ਕਿ ਕਿਵੇਂ ਟੈਕਸ ਦਾ ਪੈਸਾ ਸਾਰੀ ਕਮਿਊਨਿਟੀ ਭਰ 'ਚ ਸੇਵਾਵਾਂ ਅਤੇ ਸਹੂਲਤਾਂ ਦੇਣ 'ਚ ਸਹਾਈ ਹੋਣ ਲਈ ਵੰਡਿਆ ਜਾਂਦਾ ਹੈ। ਡਾਲਰਾਂ ਦੀ ਰਕਮ 2023 ਦੇ ਬੱਜਟ ਵਿਚਲੇ ਮਿਊਂਸਿਪਲ ਟੈਕਸਾਂ 'ਤੇ ਆਧਾਰਿਤ ਹੈ, ਇਕ ਆਮ ਇਕਹਿਰੇ ਪਰਿਵਾਰ ਦੀ ਰਿਹਾਇਸ਼ੀ ਪ੍ਰਾਪਰਟੀ ਦਾ 2022 ਦਾ ਮੁਲਾਂਕਣ ਔਸਤਨ 1,074,000 ਡਾਲਰ ਹੈ।

- ਪੁਲਿਸ **1,009** ਡਾਲਰ
- ਪਾਰਕਾਂ, ਮਨੋਰੰਜਨ ਅਤੇ ਸੱਭਿਆਚਾਰ **335** ਡਾਲਰ
- ਅੱਗ-ਬਚਾਉ ਅਤੇ ਐਮਰਜੈਂਸੀ **371** ਡਾਲਰ
- ਵਾਟਰਵਰਕਸ **270** ਡਾਲਰ
- ਠੋਸ ਕੂੜ-ਕਬਾੜ **300** ਡਾਲਰ
- ਆਵਾਜਾਈ ਅਤੇ ਟ੍ਰਾਂਜ਼ਿਟ **271** ਡਾਲਰ
- ਆਮ ਸਰਕਾਰ **288** ਡਾਲਰ
- ਸੈਨੇਟਰੀ ਸਿਊਰ **213** ਡਾਲਰ
- ਮੌਜੂਦਾ ਅਤੇ ਭਵਿੱਖਤ ਇੰਫਰਾਸਟ੍ਰੱਕਚਰ ਬਦਲੀ **310** ਡਾਲਰ
- ਕਰਜ਼ਾ ਸਰਵਿਸ **104** ਡਾਲਰ
- ਲਾਇਬ੍ਰੇਰੀ **85** ਡਾਲਰ
- ਡਰੇਨਾਂ **76** ਡਾਲਰ
- ਯੋਜਨਾਂਬੰਦੀ ਅਤੇ ਵਿਕਾਸ **29** ਡਾਲਰ

**ਖੁੱਲ 3,661 ਢਾਂਲ੍ਹ | ਇਸ ਸਾਲ ਦਾ ਔਸਤਨ ਮਿਊਂਸਿਪਲ ਟੈਕਸ ਵਾਧਾ 5.98% ਹੈ।**

## ਤੁਹਾਡਾ ਟੈਕਸ **ਡਾਲਰ ਕਿੱਥੇ ਜਾਂਦਾ ਹੈ**

ਸਿਟੀ ਆਫ ਐਬਟਸਫੋਰਡ ਨੂੰ ਪ੍ਰੋਵਿੰਸ ਆਫ ਬੀ ਸੀ ਅਤੇ ਹੋਰ ਅਥਾਰਿਟੀਆਂ, ਜਿੰਨ੍ਹਾਂ 'ਚ ਸਕੂਲ ਡਿਸਟ੍ਰਿਕਟ, ਬੀ ਸੀ ਅਸੈੱਸਮੈਂਟ, ਮਿਊਂਸਿਪਲ ਫਾਇਨੈਂਸ ਅਥਾਰਿਟੀ, ਫਰੇਜ਼ਰ ਵੈਲੀ ਰਿਜਨਲ ਡਿਸਟ੍ਰਿਕਟ, ਫਰੇਜ਼ਰ ਵੈਲੀ ਰਿਜਨਲ ਹੌਸਪੀਟਲ ਡਿਸਟ੍ਰਿਕਟ ਅਤੇ ਬਿਜ਼ਨਸ ਇੰਪਰੂਵਮੈਂਟ ਏਰੀਆਜ਼ ਵਾਸਤੇ ਪ੍ਰਾਪਰਟੀ ਟੈਕਸ ਇਕੱਠੇ ਕਰਨੇ ਲੋੜੀਂਦੇ ਹਨ। ਹਰੇਕ ਡਾਲਰ ਜੋ ਸਿਟੀ ਇਕੱਠਾ ਕਰਦਾ ਹੈ, ਉਸ ਵਿਚੋਂ 36 ਸੈਂਟ ਹੋਰ ਅਥਾਰਿਟੀਆਂ ਨੂੰ ਚਲੇ ਜਾਂਦੇ ਹਨ। ਹਰੇਕ ਡਾਲਰ ਵਿਚੋਂ 64 ਸੈਂਟ ਸਿਟੀ ਸੇਵਾਵਾਂ ਵਾਸਤੇ ਇਕੱਠੇ ਕੀਤੇ ਅਤੇ ਵਰਤੇ ਜਾਂਦੇ ਹਨ।




## ਸਿਟੀ ਹਾਲ ਤੱਕ ਪਹੁੰਚ ਕਰਨਾਂ

## ਉਸਾਰੀ ਦੇ ਕੰਮ ਕਾਰਨ ਸਿਟੀ ਹਾਲ 'ਚ ਪਾਰਕਿੰਗ ਬਹੁਤ ਸੀਮਤ ਹੈ।

ਇਸ ਸਾਲ, ਜੇਕਰ ਸੰਭਵ ਹੋਵੇ ਤਾਂ ਆਪਣੇ ਟੈਕਸ ਆਨਲਾਈਨ ਅਦਾ ਕਰੋ, ਜਾਂ ਸਿਟੀ ਹਾਲ ਤੋਂ ਬਾਹਰ ਲੱਗੇ ਤੰਬੂ ਵਿਚ ਸਟਾਫ ਨੂੰ ਚੈੱਕ ਫੜਾਉਣ ਵਾਸਤੇ ਤਿਆਰ ਹੋਵੋ। ਤੁਸੀਂ 24/7 ਬਿਨਾਂ ਕਿਸੇ ਉਡੀਕ ਕਰਨ ਤੋਂ, ਆਪਣੀਆਂ ਅਦਾਇਗੀਆਂ ਸੁਰੱਖਿਅਤ ਤਰੀਕੇ ਨਾਲ ਡਰਾਪ ਬਕਸਿਆਂ ਵਿਚ ਵੀ ਪਾ ਸਕਦੇ ਹੋ। 2 ਡਰਾਪ ਬਕਸੇ ਹਨ, ਹਰੇਕ ਪ੍ਰਵੇਸ਼ ਦੁਆਰ 'ਤੇ ਇਕ ਬਕਸਾ। ਕਿਰਪਾ ਕਰਕੇ ਨਕਦੀ ਨਾ ਪਾਉ।

